सत्यमेव जयते



(ਗੁਲਾਬ ਚੰਦ ਕਟਾਰੀਆ)
ਪੰਜਾਬ ਦੇ ਰਾਜਪਾਲ ਅਤੇ
ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ

# ਸੰਦੇਸ਼

ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸੇਵਾ ਦਾ ਅਧਿਕਾਰ ਐਕਟ ਹੁਣ ਯੂ.ਟੀ. ਚੰਡੀਗੜ੍ਹ 'ਚ ਪੂਰੀ ਤਰ੍ਹਾਂ ਲਾਗੂ ਹੋ ਚੁੱਕਾ ਹੈ। ਇਸ ਦਾ ਭਾਵ ਇਹ ਹੈ ਕਿ ਲੋਕਾਂ ਕੋਲ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਸਰਕਾਰੀ ਵਿਭਾਗਾਂ ਕੋਲੋਂ ਸੇਵਾਵਾਂ ਇਕ ਨਿਰਧਾਰਤ ਸਮਾਂ ਸੀਮਾ ਅੰਦਰ ਪ੍ਰਾਪਤ ਕਰ ਸਕਦੇ ਹਨ। ਜੇ ਕੋਈ ਸਰਕਾਰੀ ਅਧਿਕਾਰੀ ਨਿਰਧਾਰਿਤ ਸਮਾਂ ਸੀਮਾ ਅੰਦਰ ਸੇਵਾਵਾਂ ਮੁਹੱਈਆ ਨਹੀਂ ਕਰਦਾ ਹੈ ਤਾਂ ਉਸਨੂੰ ਇਸ ਲਈ ਜਵਾਬਦੇਹ ਕਰਾਰ ਦਿੱਤਾ ਜਾ ਸਕਦਾ ਹੈ। ਇਸ ਸਬੰਧੀ ਕਿਸੇ ਤਰ੍ਹਾਂ ਦੀ ਲਾਪਰਵਾਹੀ ਹੋਣ 'ਤੇ ਨਾ ਸਿਰਫ ਜੁਰਮਾਨਾ ਕੀਤਾ ਜਾ ਸਕਦਾ ਹੈ, ਬਲਕਿ ਉਸ ਵਿਰੁਧ ਅਨੁਸ਼ਾਸਕੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੇ 35 ਵਿਭਾਗਾਂ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਕੁੱਲ 556 ਸੇਵਾਵਾਂ ਪ੍ਰਸ਼ਾਸਨ ਦੇ ਵੱਖ-ਵੱਖ ਨੋਟੀਫਿਕੇਸ਼ਨਾਂ ਰਾਹੀਂ ਅਧਿਸੂਚਿਤ ਕੀਤੀਆਂ ਗਈਆਂ ਹਨ, ਜਿਸ ਵਿੱਚ ਸੇਵਾਵਾਂ ਅਤੇ ਨਾਮਜ਼ਦ ਅਧਿਕਾਰੀਆਂ ਦਾ ਵੇਰਵਾ ਹੈ ਜੋ ਇਹ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਣਗੇ। ਇਸ ਦੇ ਨਾਲ ਹੀ, ਪਹਿਲੇ ਅਤੇ ਦੂਜੇ ਅਪੀਲੀ ਅਧਿਕਾਰੀਆਂ ਦੇ ਨਾਂ ਵੀ ਦਰਜ ਹਨ, ਜਿਨ੍ਹਾਂ ਕੋਲ ਨਾਗਰਿਕ ਸੇਵਾ ਨਿਰਧਾਰਤ ਸਮਾਂ-ਸੀਮਾ ਅੰਦਰ ਪ੍ਰਦਾਨ ਨਾ ਹੋਣ ਜਾਂ ਸੇਵਾ ਵਿੱਚ ਕਿਸੇ ਕਿਸਮ ਦੀ ਘਾਟ ਹੋਣ ਦੀ ਸੂਰਤ ਵਿੱਚ ਅਪੀਲ ਦਾਇਰ ਕਰ ਸਕਦੇ ਹਨ।

ਇਕ ਕਮਿਸ਼ਨ ਜਿਸ ਨੂੰ ਚੰਡੀਗੜ੍ਹ ਰਾਈਟ ਟੂ ਸਰਵਿਸ ਕਮਿਸ਼ਨ ਵਜੋਂ ਜਾਣਿਆ ਜਾਂਦਾ ਹੈ, ਸੇਵਾ ਦਾ ਅਧਿਕਾਰ ਐਕਟ ਨੂੰ ਲਾਗੂ ਕਰਨ 'ਤੇ ਨਿਗਰਾਨੀ ਰੱਖਣ ਲਈ ਪਹਿਲਾਂ ਹੀ ਗਠਨ ਕਰ ਦਿੱਤਾ ਗਿਆ ਹੈ। ਇਸ ਐਕਟ ਦਾ ਪੂਰਾ ਵੇਰਵਾ, ਸਬੰਧਿਤ ਨਿਯਮ ਅਤੇ ਉਪਰੋਕਤ ਦੱਸਿਆਂ ਨੋਟੀਫਿਕੇਸ਼ਨਾਂ ਨੂੰ ਕਮਿਸ਼ਨ ਦੀ ਵੈਬਸਾਈਟ rtsc.chd.gov.in ਤੇ ਵੇਖਿਆ ਜਾ ਸਕਦਾ ਹੈ।

ਸੇਵਾ ਦਾ ਅਧਿਕਾਰ ਐਕਟ ਸਬੰਧੀ ਕਿਸੇ ਤਰ੍ਹਾਂ ਦੀ ਪੁੱਛਗਿੱਛ ਜਾਂ ਸੇਵਾਵਾਂ ਨੂੰ ਨਿਰਧਾਰਿਤ ਸਮਾਂ ਸੀਮਾ ਅੰਦਰ ਪ੍ਰਾਪਤ ਕਰਨ 'ਚ ਮੁਸ਼ਕਲ ਪੇਸ਼ ਆਉਣ ਤੇ ਆਮ ਜਨਤਾ, ਮੁੱਖ ਕਮਿਸ਼ਨਰ ਡਾ. ਮਹਾਵੀਰ ਸਿੰਘ ਆਈ.ਏ.ਐਸ. (ਰਿਟਾ.) ਨਾਲ ਈ-ਮੇਲ/ਫੋਨ ਕਾਲ ਰਾਹੀਂ ਜਾਂ ਨਿੱਜੀ ਤੌਰ ਤੇ ਹੇਠਾਂ ਦਿੱਤੇ ਪਤੇ ਤੇ ਜਾ ਕੇ ਸੰਪਰਕ ਕਰ ਸਕਦੀ ਹੈ:

## ਚੰਡੀਗੜ੍ਹ ਰਾਈਟ ਟੂ ਸਰਵਿਸ ਕਮਿਸ਼ਨ

ਨਗਰ ਯੋਜਨਾ ਭਵਨ, ਸੀ-ਵਿੰਗ, ਮੱਧਿਆ ਮਾਰਗ
ਸੈਕਟਰ 18-ਏ, ਚੰਡੀਗੜ੍ਹ-160018
ਫੋਨ ਨੰਬਰ : 0172-5171500, 2700018
ਈਮੇਲ : chd.rtsc@chd.nic.in | ਵੈਬਸਾਈਟ : rtsc.chd.gov.in

ਮੈਂ ਇਸ ਸਿਟੀ ਬਿਊਟੀਫੁਲ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਐਕਟ ਦੀ ਵਰਤੋਂ ਕਰਦੇ ਹੋਏ ਸੇਵਾਵਾਂ ਦੀ ਸਮਾਂ-ਬੱਧ ਪ੍ਰਾਪਤੀ ਦਾ ਪੂਰਾ ਲਾਭ ਉਠਾਉਣ।

ਸਹੀ/-
(ਗੁਲਾਬ ਚੰਦ ਕਟਾਰੀਆ)